ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 14 ਨਵੰਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰੱਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

ਬਹੁਪੱਖੀ ਸਾਹਿਤਕਾਰ ਜਸਵੀਰ ਭਲੂਰੀਆ ਦੀ ਪੁਸਤਕ 'ਨਵੀਆਂ ਬਾਤਾਂ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 14 ਨਵੰਬਰ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿੱਚ ਕੀਤੀ ਗਈ ਮਾਸਿਕ ਮਿਲਣੀ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੀ। ਸਭਾ ਦੀ ਇਸ ਮਹੱਤਵਪੂਰਨ ਮੀਟਿੰਗ ਵਿੱਚ ਪ੍ਰਸਿੱਧ ਸਾਹਿਤਕਾਰ ਜਸਵੀਰ ਸਿੰਘ ਭਲੂਰੀਆ ਦੀ ਕਾਵਿ ਰਚਨਾ "ਨਵੀਆਂ ਬਾਤਾਂ" ਲੋਕ ਅਰਪਣ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਜਸਵੀਰ ਭਲੂਰੀਆ ਅਤੇ ਸਾਹਿਤਕਾਰ ਕੁਲਵੰਤ ਸਰੋਤਾ ਨੇ ਕੀਤੀ।

ਸਭਾ ਵੱਲੋਂ ਲੇਖਕ ਬਲਦੇਵ ਦੂਹੜੇ, ਸਾਹਿਤਕਾਰ ਜੈਤੇਗ ਸਿੰਘ ਅਨੰਤ ਦੀ ਸੁਪਤਨੀ ਜਸਪਾਲ ਕੌਰ ਅਤੇ 1984 ਦੇ ਸਿੱਖ ਸ਼ਹੀਦਾਂ ਨੂੰ ਭਾਵਪੂਰਨ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਪ੍ਰੋ. ਕਸ਼ਮੀਰਾ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਪਦੇਸ਼ਾਂ ਨੂੰ ਇਤਿਹਾਸਕ, ਅਧਿਆਤਮਿਕ ਅਤੇ ਸਮਾਜਕ ਤਿੰਨਾਂ ਪੱਖਾਂ ਤੋਂ ਰੌਸ਼ਨ ਕਰਦੇ ਹੋਏ ਵਿਆਖਿਆ ਕੀਤੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਜਨਮ ਤੋਂ ਲੈ ਕੇ ਉਦਾਸੀਆਂ ਤੱਕ ਦੇ ਅਨਮੋਲ ਜੀਵਨ-ਪੜਾਅ, ਮਨੁੱਖਤਾ-ਕੇਂਦਰਿਤ ਸੋਚ, ਸਮਦਰਸ਼ੀ ਫ਼ਲਸਫ਼ਾ ਅਤੇ "ਨਾਮ-ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ" ਦੇ ਮੂਲ ਸਿਧਾਂਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਵਿਆਪਕ ਅਨਿਆਂ, ਪਖੰਡ, ਕੁਰੀਤੀਆਂ ਅਤੇ ਭੇਦਭਾਵ ਨੂੰ ਤੋੜ ਕੇ ਸਮਾਨਤਾ, ਨੈਤਿਕਤਾ ਅਤੇ ਨਿਰਭੈ ਜੀਵਨ-ਦ੍ਰਿਸ਼ਟੀਕੋਣ ਦੀ ਜੋ ਜੋਤ ਜਗਾਈ, ਉਹ ਅੱਜ ਵੀ ਮਨੁੱਖਤਾ ਦਾ ਰਾਹ ਰੁਸ਼ਨਾ ਰਹੀ ਹੈ।

ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਅਧਿਆਤਮਕ, ਵਿਗਿਆਨ ਅਤੇ ਫ਼ਲਸਫ਼ੇ ਨਾਲ ਜੋੜਦਿਆਂ, ਗੁਰੂ ਸਾਹਿਬ ਦੇ "ਇਕ ਓਅੰਕਾਰ" ਦੇ ਅਰਥ, ਵਿਸ਼ਾਲਤਾ ਅਤੇ ਵਿਸ਼ਵਵਿਆਪੀ ਸੰਦੇਸ਼ ਨੂੰ ਵਰਤਮਾਨ ਮਨੁੱਖੀ ਜੀਵਨ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖ ਨੂੰ ਅੰਦਰਲੀ ਆਵਾਜ਼ ਨਾਲ ਜੋੜਦਿਆਂ ਸੱਚੇ ਜੀਵਨ ਦੇ ਰਾਹ ਉੱਤੇ ਲੈ ਜਾਂਦੀ ਹੈ। ਡਾ. ਸੋਹੀ ਨੇ ਬਾਣੀ ਦੇ ਤਤਵ-ਗਿਆਨ, ਕਵਿਤਾ-ਰੂਪ, ਨੈਤਿਕ ਸੰਦੇਸ਼ ਅਤੇ ਸਮਾਜ-ਸੁਧਾਰਕ ਸੋਚ ਉੱਤੇ ਵੀ ਚਾਨਣ ਪਾਇਆ।

ਸਭਾ ਵੱਲੋਂ ਜਸਵੀਰ ਸਿੰਘ ਭਲੂਰੀਆ, ਕੁਲਵੰਤ ਸਰੋਤਾ, ਪਵਨ ਭੰਗੀਆ ਗੜ੍ਹਸ਼ੰਕਰ ਅਤੇ ਗੀਤਕਾਰ ਜਗਦੇਵ ਸਿੰਘ ਮਾਨ ਨੂੰ ਉਨ੍ਹਾਂ ਦੇ ਸਾਹਿਤਕ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਪੁਸਤਕ "ਨਵੀਆਂ ਬਾਤਾਂ" ਦੇ ਲੋਕ ਅਰਪਣ ਸਮੇਂ ਪ੍ਰਿਤਪਾਲ ਗਿੱਲ, ਹਰਦਮ ਮਾਨ ਤੇ ਕੁਲਵੰਤ ਸਰੋਤਾ ਵੱਲੋਂ ਲੇਖਕ ਤੇ ਕਾਵਿ-ਸੰਗ੍ਰਹਿ ਬਾਰੇ ਪਰਚੇ ਪੇਸ਼ ਕੀਤੇ ਗਏ। ਜਸਵੀਰ ਭਲੂਰੀਆ ਨੇ ਆਪਣੀ ਰਚਨਾਤਮਕ ਯਾਤਰਾ ਅਤੇ ਨਵੀਂ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਬਾਲ ਲੇਖਿਕਾ ਰੂਪ ਕੌਰ ਦੀ ਪੁਸਤਕ "ਰਾਵੀ ਵੰਨਾ" ਵੀ ਪ੍ਰੋ. ਹਰਿੰਦਰ ਕੌਰ ਸੋਹੀ ਵੱਲੋਂ ਸਭਾ ਨੂੰ ਭੇਟ ਕੀਤੀ ਗਈ।

ਕਵੀ ਦਰਬਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ ਗਈਆਂ। ਇਸ ਵਿੱਚ ਪਲਵਿੰਦਰ ਸਿੰਘ ਰੰਧਾਵਾ, ਚਮਕੌਰ ਸਿੰਘ ਸੇਖੋਂ, ਦਰਸ਼ਨ ਸਿੰਘ ਸੰਘਾ, ਬਿੱਕਰ ਸਿੰਘ ਖੈਸ, ਪਵਨ ਭੰਗੀਆ, ਹਰਚਰਨ ਸਿੰਘ ਸੰਧੂ, ਹਰਦੀਪ ਸਿੰਘ ਗਿੱਲ, ਦਵਿੰਦਰ ਕੌਰ ਜੌਹਲ, ਸੁਖਪ੍ਰੀਤ ਬੱਡੇ, ਪਰਮਿੰਦਰ ਕੌਰ ਸਦੈਚ, ਚਰਨ ਸਿੰਘ, ਕਵਿੰਦਰ ਚਾਂਦ, ਨਰਿੰਦਰ ਸਿੰਘ ਬਾਹੀਆ, ਸੁਰਜੀਤ ਸਿੰਘ ਮਾਧੋਪੁਰੀ, ਬਲਦੇਵ ਸਿੰਘ ਬਾਠ, ਇੰਦਰਜੀਤ ਸਿੰਘ ਧਾਮੀ, ਮਾਸਟਰ ਅਮਰੀਕ ਲੋਲ੍ਹ, ਹਰਿੰਦਰ ਕੌਰ ਸੋਹੀ, ਅਮਰੀਕ ਪਲਾਹੀ, ਸੁਰਿੰਦਰ ਸਿੰਘ ਜੱਬਲ, ਜਗਦੇਵ ਸਿੰਘ ਮਾਨ ਅਤੇ ਦਰਸ਼ਨ ਸਿੰਘ ਦੁਸਾਂਝ ਅਤੇ ਹੋਰ ਕਈ ਰਚਨਾਕਾਰਾਂ ਨੇ ਆਪਣਾ ਕਾਵਿਕ-ਰੰਗ ਬਿਖੇਰਿਆ। ਬਹੁਤ ਸਾਰੇ ਸਾਹਿਤ-ਪ੍ਰੇਮੀਆਂ ਦੀ ਉਤਸ਼ਾਹਪੂਰਨ ਹਾਜਰੀ ਨੇ ਸਮਾਗਮ ਨੂੰ ਵਿਸ਼ੇਸ਼ ਰੰਗ ਬਖ਼ਸ਼ਿਆ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭਾ ਦੇ ਮੈਂਬਰਾਂ, ਮਹਿਮਾਨਾਂ, ਸੱਜਣ-ਸਨੇਹੀਆਂ ਅਤੇ ਕਵੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਮਾਗਮ ਨੂੰ ਬਹੁਤ ਹੀ ਸਫਲ, ਅਰਥਪੂਰਨ ਤੇ ਯਾਦਗਾਰੀ ਕਰਾਰ ਦਿੱਤਾ।

ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਵਿਦਿਆਰਥੀਆਂ ਲਈ ਜੈਕਟਾਂ ਦੀ ਵੰਡ

ਵਰਲਡ ਪੰਜਾਬੀ ਟਾਈਮਜ਼

ਨਾਭਾ 14 ਨਵੰਬਰ : ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜਿ:) ਦੰਦਰਾਲਾ ਢੀਂਡਸਾ ਵੱਲੋਂ ਹਮੇਸ਼ਾ ਹੀ ਵੱਧ ਚੜ੍ਹ ਕੇ ਸਕੂਲ ਦੀ ਬਿਹਤਰੀ ਲਈ ਉਪਰਾਲੇ ਕੀਤੇ ਜਾਂਦੇ ਹਨ।ਇਸੇ ਲੜੀ ਤਹਿਤ ਮੇਰਾ ਸਕੂਲ ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਵਿਦਿਆਰਥੀਆਂ ਨੂੰ ਸਰਦੀ ਤੋਂ ਬਚਾਅ ਲਈ ਜੈਕਟਾਂ ਦੀ ਵੰਡ ਕੀਤੀ ਗਈ। ਸੋਸਾਇਟੀ ਦੇ ਮੈਂਬਰ ਸ: ਮੇਜਰ ਸਿੰਘ ਨਾਭਾ,ਸ:ਜੋਧ ਸਿੰਘ ਢੀਂਡਸਾ, ਸ:ਜਗਦੇਵ ਸਿੰਘ ਢੀਂਡਸਾ,ਸ:ਰਵਿੰਦਰ ਸਿੰਘ ਢੀਂਡਸਾ ਆਦਿ ਉਚੇਚੇ ਤੌਰ ਤੇ ਹਾਜ਼ਰ ਸਨ।ਉਹਨਾਂ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਜੈਕਟਾਂ ਦੀ ਵੰਡ ਕੀਤੀ ਗਈ ਤਾਂ ਜੋ ਵਿਦਿਆਰਥੀ ਸਰਦੀ ਦੇ ਮੌਸਮ ਵਿੱਚ ਠੰਡ ਤੋਂ ਆਪਣਾ ਬਚਾ ਕਰ ਸਕਣ ਅਤੇ ਨਿਰਵਿਘਨ ਆਪਣੀ ਪੜ੍ਹਾਈ ਜਾਰੀ ਰੱਖ ਸਕਣ। ਸੋਸਾਇਟੀ ਵੱਲੋਂ ਸਕੂਲ ਦੀ ਬਿਹਤਰੀ ਲਈ ਹਮੇਸ਼ਾ ਹੀ ਵੱਧ ਚੜ੍ਹ ਕੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਪਹਿਲਾਂ ਵੀ ਸੁਸਾਇਟੀ ਵੱਲੋਂ ਪਿਛਲੇ ਸਾਲ ਸਕੂਲ ਦੇ ਵਿਦਿਆਰਥੀਆਂ ਨੂੰ ਜੈਕਟਾਂ ਦੇਣ, ਹੁਸ਼ਿਆਰ ਬੱਚਿਆਂ ਨੂੰ ਇਨਾਮ ਦੇਣ , ਸਕੂਲ ਦੇ ਮੇਨ ਗੇਟ ਦਾ ਸੁੰਦਰੀਕਰਨ, ਸਕੂਲ ਦਾ ਮੈਗਜ਼ੀਨ ਨਾਦਾਨ ਪਰਿੰਦੇ, ਅਧਿਆਪਕ ਦਿਵਸ ਉੱਪਰ ਸਾਰੇ ਮੌਜੂਦਾ ਸਟਾਫ਼ ਮੈਂਬਰ ਸਾਹਿਬਾਨਾਂ ਅਤੇ ਇੱਥੋਂ ਰਿਟਾਇਰ ਹੋ ਚੁੱਕੇ ਅਧਿਆਪਕ ਸਾਹਿਬਾਨਾਂ ਦਾ ਸਨਮਾਨ ਆਦਿ ਕਾਰਜ ਕੀਤੇ ਜਾ ਚੁੱਕੇ ਹਨ। ਇਸ ਮੌਕੇ ਸਕੂਲ ਦਾ ਸਾਰਾ ਸਟਾਫ਼ ਵੀ ਮੌਜੂਦ ਸੀ। ਮੰਚ ਸੰਚਾਲਨ ਦੀ ਕਾਰਵਾਈ ਸ੍ਰੀ ਦਿਨੇਸ਼ ਕੁਮਾਰ ਲੈਕ: ਕਾਮਰਸ ਵੱਲੋਂ ਬਾਖੂਬੀ ਨਿਭਾਈ ਗਈ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਸਮੂਹ ਦੇਸ਼ ਵਾਸੀ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਸ਼ਹੀਦ ਹੋਏ ਹੋਰ ਛੇ ਸ਼ਹੀਦਾਂ ਦੀ ਬਰਸੀ 16 ਨਵੰਬਰ ਨੂੰ ਵੀ ਸਾਂਝੇ ਤੌਰ ਤੇ ਮਨਾਉਣ: ਪ੍ਰੋ: ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 14 ਨਵੰਬਰ : ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਸਮੂਹ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ 16 ਨਵੰਬਰ 1915 ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਹੀਦ ਹੋਏ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਲ ਹੀ ਉਸੇ ਦਿਨ ਉਸੇ ਜੇਲ੍ਹ ਵਿੱਚ ਫਾਂਸੀ ਚੜ੍ਹੇ ਬਾਕੀ ਛੇ ਸੂਰਮਿਆਂ ਦੀ ਬਰਸੀ ਵੀ ਇਕੱਠਿਆਂ ਮਨਾਉਣ। ਜੇਕਰ ਇਹ ਸੂਰਮੇ ਆਜ਼ਾਦੀ ਦੇ ਪਵਿੱਤਰ ਕਾਰਜ ਵਾਸਤੇ ਇਕੱਠੇ ਫਾਂਸੀ ਚੜ੍ਹ ਸਕਦੇ ਹਨ ਤਾਂ ਸਾਨੂੰ ਇਕੱਠਿਆਂ ਦੀ ਬਰਸੀ ਮਨਾਉਣ ਵਿੱਚ ਕਿਉਂ ਝਿਜਕ ਹੈ?

ਪ੍ਰੋ. ਗਿੱਲ ਨੇ ਕਿਹਾ ਹੈ ਕਿ ਜੰਗੇ ਆਜ਼ਾਦੀ ਸੰਘਰਸ਼ ਵਿੱਚ ਸੱਤ ਸੂਰਮੇ ਇਕੱਠੇ ਪਹਿਲੀ ਵਾਰ 16 ਨਵੰਬਰ 1915 ਨੂੰ ਹੀ ਫਾਂਸੀ ਚੜ੍ਹੇ ਸਨ। ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਸ਼ਹੀਦ ਹੋਏ ਸੱਤ ਸ਼ਹੀਦਾਂ ਵਿੱਚੋਂ ਛੇ ਪੰਜਾਬੀ ਸਨ ਜਿੰਨ੍ਹਾਂ ਦੇ ਨਾਮ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ (ਤਰਨ ਤਾਰਨ) ਸ਼ਹੀਦ ਭਾਈ ਬਖਸ਼ੀਸ਼ ਸਿੰਘ, ਸ਼ਹੀਦ ਭਾਈ ਸੁਰਾਇਣ ਸਿੰਘ (ਵੱਡਾ) ,ਸ਼ਹੀਦ ਭਾਈ ਸੁਰਾਇਣ ਸਿੰਘ (ਛੋਟਾ) ਵੀ ਸਨ। ਪਿਛਲੇ ਤਿੰਨੇ ਸ਼ਹੀਦ ਪਿੰਡ ਗਿੱਲਵਾਲੀ(ਅੰਮ੍ਰਿਤਸਰ) ਦੇ ਹਨ। ਸ਼ਹੀਦ ਹਰਨਾਮ ਸਿੰਘ ਸਿਆਲਕੋਟੀ (ਪਿੰਡ ਭੱਟੀ ਗੁਰਾਇਆ) ਸਿਆਲਕੋਟ) ਦੇ ਸਨ ਜਦ ਕਿ ਸੱਤਵੇਂ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਤਾਲੇਗਾਉਂ (ਪੁਨਾ) ਮਹਾਂਰਾਸ਼ਟਰਾ ਦੇ ਸਨ।

ਪ੍ਰੋ: ਗਿੱਲ ਨੇ ਕਿਹਾ ਹੈ ਕਿ ਆਜ਼ਾਦੀ ਸੰਗਰਾਮ ਦੇ ਇਨ੍ਹਾਂ ਸੱਤ ਸੂਰਮਿਆਂ ਨੂੰ 1947 ਤੋਂ ਬਾਦ 2023 ਤੀਕ ਕਦੇ ਵੀ ਸਰਕਾਰੀ ਪੱਧਰ ਤੇ ਇੱਕਠਿਆਂ ਯਾਦ ਨਹੀਂ ਸੀ ਕੀਤਾ ਗਿਆ ਭਾਵੇਂ ਉਨ੍ਹਾਂ ਵੱਲੋਂ ਸਾਲ 2012 ਤੋਂ ਵੱਖ ਵੱਖ ਸਮੇਂ ਦੇ ਮੁੱਖ ਮੰਤਰੀਆਂ ਨੂੰ ਬਾਰ ਬਾਰ ਪੱਤਰ ਲਿਖਣ ਤੇ ਮੁਲਾਕਾਤਾਂ ਦੇ ਬਾਵਜੂਦ ਸਿਰਫ਼ ਵਰਤਮਾਨ ਸ. ਭਗਵੰਤ ਸਿੰਘ ਮਾਨ ਸਰਕਾਰ ਨੇ ਹੀ ਇਸ ਕਾਰਜ ਨੂੰ ਅਮਲ ਵਿੱਚ ਲਿਆਂਦਾ ਹੈ ਅਤੇ ਸ਼ਹੀਦ ਸਰਾਭਾ ਸਮੇਤ ਸੱਤ ਸੂਰਮਿਆਂ ਦਾ ਇਕੱਠਾ ਪੋਸਟਰ 16 ਨਵੰਬਰ ਨੂੰ ਵੱਖ ਵੱਖ ਅਖ਼ਬਾਰਾਂ ਰਾਹੀਂ ਲੋਕ ਅਰਪਣ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ ਹੈ ਕਿ 2023 ਵਿੱਚ ਪੰਜਾਬੀ ਲੋਕ ਵਿਰਾਸਤ ਅਕਾਦਮੀ ਵੱਲੋਂ ਹੀ ਇਨ੍ਹਾਂ ਸਾਰੇ ਸ਼ਹੀਦਾਂ ਦੇ ਚਿਤਰ ਤਿਆਰ ਕਰਵਾ ਕੇ ਹੀ ਪੰਜਾਬ ਸਰਕਾਰ ਨੂੰ ਸੌਂਪੇ ਗਏ ਸਨ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਤੇ ਸਿਰਫ ਪੰਜਾਬ ਦਾ ਹੱਕ : ਤਰਕਸ਼ੀਲ ਸੁਸਾਇਟੀ ਰੋਸ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਅਤੇ ਹਮਾਇਤੀਆਂ ਉਤੇ ਲਾਠੀਚਾਰਜ ਕਰਨ ਦੀ ਸਖ਼ਤ ਨਿਖੇਧੀ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 14 ਨਵੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਦੀ ਮੰਗ ਸਮੇਤ ਇਸਦੇ ਭਗਵੇਂਕਰਨ ਅਤੇ ਕੇਂਦਰੀਕਰਨ ਦੇ ਵਿਰੁੱਧ ਰੋਸ ਧਰਨੇ ਵਿੱਚ ਸ਼ਾਮਿਲ ਹੋਣ ਆਏ ਵਿਦਿਆਰਥੀਆਂ ਅਤੇ ਪੰਜਾਬ ਦੀਆਂ ਵੱਖ ਵੱਖ ਲੋਕ ਪੱਖੀ, ਜਨਤਕ ਜਮਹੂਰੀ ਜਥੇਬੰਦੀਆਂ ਦੇ ਕਾਰਕੁੰਨਾਂ ਉੱਤੇ ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਲਾਠੀਚਾਰਜ ਕਰਕੇ ਜ਼ਖਮੀ ਕਰਨ ਅਤੇ ਰੋਕਾਂ ਲਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਦੇ ਮੁੱਦੇ ਸਮੇਤ ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਫੈਸਲਿਆਂ ਅਤੇ ਸਿੱਖਿਆ ਦੇ ਭਗਵਾਂਕਰਨ ,ਵਪਾਰੀਕਰਨ ਅਤੇ ਕੇਂਦਰੀਕਰਨ ਦੀਆਂ ਨੀਤੀਆਂ ਪ੍ਰਤੀ ਧਾਰੀ ਸਾਜਿਸ਼ੀ ਚੁੱਪ ਦਾ ਸਖ਼ਤ ਵਿਰੋਧ ਕੀਤਾ ਹੈ।



ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ ਤੇ ਪ੍ਰਗਟ ਸਿੰਘ ਬਾਲੀਆਂ ਨੇ ਜਾਰੀ ਬਿਆਨ ਵਿਚ ਕਿਹਾ ਕਿ ਭਾਜਪਾ-ਸੰਘ ਦੀ ਕੇਂਦਰ ਸਰਕਾਰ, ਹਿੰਦੂਤਵ ਦੇ ਸਾਮਰਾਜੀ ਏਜੰਡੇ ਹੇਠ ਸਮੁੱਚੀ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਕੇਂਦਰੀਕਰਨ, ਭਗਵਾਂਕਰਨ ਅਤੇ ਵਪਾਰੀਕਰਨ ਕਰਕੇ ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ 'ਤੇ ਪੰਜਾਬ ਦਾ ਕਾਨੂੰਨੀ ਹੱਕ ਸਦੀਵੀਂ ਤੌਰ 'ਤੇ ਖ਼ਤਮ ਕਰਨਾ ਚਾਹੁੰਦੀ ਹੈ ਜਿਸਨੂੰ ਪੰਜਾਬ ਦੇ ਲੋਕਾਂ,ਵਿਦਿਆਰਥੀਆਂ ਅਤੇ ਜਮਹੂਰੀ ਸੰਸਥਾਵਾਂ ਵੱਲੋਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਅੰਦੋਲਨ ਨੂੰ ਸਿਰਫ ਸੈਨੇਟ ਚੋਣਾਂ ਬਹਾਲ ਕਰਵਾਉਣ ਤੱਕ ਹੀ ਸੀਮਤ ਰੱਖ ਕੇ ਨਹੀਂ ਬਲਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਮੁੱਚੇ ਪ੍ਰਬੰਧ ਅਤੇ ਕੰਟਰੋਲ ਨੂੰ ਪੰਜਾਬ ਰਾਜ ਦੇ ਅਧਿਕਾਰ ਖੇਤਰ ਵਿੱਚ ਲੈਣ ਅਤੇ ਸੈਨੇਟ ਵਿੱਚ ਵੱਖ ਵੱਖ ਵਰਗਾਂ ਅਤੇ ਲੋਕ ਪੱਖੀ ਜਮਹੂਰੀ ਬੁੱਧੀਜੀਵੀਆਂ ਦੀ ਵੱਡੀ ਨੁਮਾਇੰਦਗੀ ਅਤੇ ਖ਼ੁਦਮੁਖ਼ਤਿਆਰੀ ਯਕੀਨੀ ਬਣਾ ਕੇ ਹੀ ਉਚੇਰੀ ਸਿੱਖਿਆ ਅਤੇ ਯੂਨੀਵਰਸਿਟੀ ਦੀ ਸ਼ਾਨਾਮੱਤੀ ਵਿਰਾਸਤ ਅਤੇ ਹੋਂਦ ਨੂੰ ਕਾਇਮ ਰੱਖਿਆ ਜਾ ਸਕਦਾ ਹੈ।

ਤਰਕਸ਼ੀਲ ਆਗੂਆਂ ਨੇ ਹਕੂਮਤਾਂ ਵੱਲੋਂ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਦੇ ਹੱਕਾਂ ਉੱਤੇ ਲਾਈਆਂ ਪਾਬੰਦੀਆਂ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਸੰਨ 2020 ਵਿੱਚ ਵੀ ਕੇਂਦਰ ਸਰਕਾਰ ਵੱਲੋਂ ਕੌਮੀ ਸਿੱਖਿਆ ਨੀਤੀ-2020 ਦੇ ਪ੍ਰਸਤਾਵ ਹੇਠ ਯੂਨ

ਤਿੰਨ ਦਾ ਪਹਾੜਾ

ਇਕ ਤੀਆਂ ਤੀਆਂ
ਦੋ ਤੀਏ ਛੇ
ਰੱਬਾ ਭਗਤੀ ਮੈਨੂੰ ਵੀ ਦੇ।

ਤਿੰਨ ਤੀਏ ਨੇ
ਚਾਰ ਤੀਏ ਬਾਰਹ
ਮੈ ਵੀ ਜੀਵਨ ਸੰਵਾਰ ।।

ਪੰਜ ਤੀਐ ਪੰਦਰ੍ਹਾਂ
ਛੇ ਤੀਐ ਅਠਾਰ੍ਹਾਂ
ਰੱਬ ਤੋਂ ਸਭ ਵਾਰ ।।

ਸੱਤ੍ਹ ਤੀਆਂ ਇੱਕੀ
ਅੱਠ ਤੀਆਂ ਚੌਵੀ
ਬੇਲੇੜਾ ਨਾ ਸੌਵੀ ।।

ਨੇ ਤੀਐ ਸਤ੍ਹਾਈ
ਦਸ ਤੀਐ ਤੀਹ
ਸਾਦਾ ਜੀਵਨ ਜੀਅ ।।



ਵਰਲਡ ਪੰਜਾਬੀ ਟਾਈਮਜ਼ ਸੁਰਿੰਦਰਪਾਲ ਸਿੰਘ

ਵਾਤਾਵਰਣ ਦਾ ਤਿਉਹਾਰ – ਦਿਨ 2

ਵਰਲਡ ਪੰਜਾਬੀ ਟਾਈਮਜ਼

: ਸੰਗਰੂਰ 14 ਨਵੰਬਰ DIET ਸੰਗਰੂਰ ਵਿਖੇ ਵਾਤਾਵਰਣ ਦਾ ਤਿਉਹਾਰ ਆਪਣੇ ਦੂਜੇ ਦਿਨ ਵੀ ਬਹੁਤ ਉਤਸ਼ਾਹ ਨਾਲ ਜਾਰੀ ਰਿਹਾ, ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਡੇ ਮਾਨਯੋਗ ਵਿਧਾਇਕ, ਸੰਗਰੂਰ ਜੀ ਸ਼ਿਰਕਤ ਲੈ ਕੇ ਆਏ। ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਅਤੇ ਇਨ੍ਹਾਂ ਦੇ ਨਾਲ ਸ਼੍ਰੀ ਗੁਰਪ੍ਰੀਤ ਸਿੰਘ, ਡੀਐਸਪੀ ਸੰਗਰੂਰ, ਵੀ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਮੁੱਖ ਮਹਿਮਾਨ ਵੱਲੋਂ ਵਿਦਿਆਰਥੀਆਂ ਅਤੇ ਸਰਕਾਰੀ ਵਿਭਾਗਾਂ ਦੁਆਰਾ ਲਗਾਏ ਗਏ ਵੱਖ-ਵੱਖ ਪ੍ਰਦਰਸ਼ਨੀ ਸਟਾਲਾਂ ਦਾ ਦੌਰਾ ਕੀਤਾ ਅਤੇ ਉਹਨਾਂ ਨੇ ਵਿਦਿਆਰਥੀਆਂ ਨਾਲ ਆਪਣੀ ਪ੍ਰੇਰਣਾਦਾਇਕ ਗੱਲਬਾਤ ਦੌਰਾਨ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਸਕੂਲ ਆਫ਼ ਐਮੀਨੈਂਸ,ਛਾਜਲੀ ਦੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਪੁਲਾੜ ਵਿਗਿਆਨ 'ਤੇ ਇੱਕ ਨਵੀਨਤਾਕਾਰੀ ਸਟਾਲ ਪੇਸ਼ ਕੀਤੀ, ਉਨ੍ਹਾਂ ਨੇ NDRF ਟੀਮ ਦੀ ਲਾਈਵ ਆਫ਼ਤ ਪ੍ਰਬੰਧਨ ਸਿਖਲਾਈ ਅਤੇ ਪ੍ਰਦਰਸ਼ਨਾਂ ਨੂੰ ਵੀ ਦੇਖਿਆ, ਉਨ੍ਹਾਂ ਦੇ ਸਮਰਪਣ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਸੁਰੱਖਿਆ, ਤਿਆਰੀ ਅਤੇ ਅਨੁਸ਼ਾਸਨ ਦੀ ਮਹੱਤਤਾ ਸਿੱਖਣ ਲਈ ਉਤਸ਼ਾਹਿਤ ਕੀਤਾ। ਆਪਣੀ ਫੇਰੀ ਦੌਰਾਨ, ਉਨ੍ਹਾਂ ਨੇ ਮੋਬਾਈਲ ਸਾਇੰਸ ਲੈਬਾਰਟਰੀ ਦੇ ਕੰਮਕਾਜ ਨੂੰ ਵੀ

ਦੇਖਿਆ ਅਤੇ ਪਾਣੀ ਦੇ ਰਾਕੇਟ ਲਾਂਚ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਜਿਸ ਵਿਚ ਵਿਦਿਆਰਥੀਆਂ ਅਤੇ ਸੈਲਾਨੀਆਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਸ਼੍ਰੀਮਤੀ ਭਰਾਜ ਨੇ ਨੌਜਵਾਨਾਂ ਨੂੰ ਵਾਤਾਵਰਣ ਦੀ ਸੁਰੱਖਿਆ ਅਤੇ ਟਿਕਾਊ ਵਿਕਾਸ ਲਈ ਸਕਾਰਾਤਮਕ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ। ਡਾ. ਕ੍ਰਿਤੀ ਗੁਪਤਾ ਦੁਆਰਾ ਆਯੋਜਿਤ ਵਾਤਾਵਰਣ 'ਤੇ ਇੱਕ ਖੁੱਲ੍ਹਾ ਕੁਇਜ਼ ਮੁਕਾਬਲਾ ਇੱਕ ਵਧੀਆ ਪ੍ਰੋਗਰਾਮ ਸਾਬਤ ਹੋਇਆ। ਸਵੇਰ ਦੇ ਪ੍ਰੋਗਰਾਮਾਂ ਵਿੱਚ ਸੰਗਰੂਰ ਅਤੇ ਆਲੇ-ਦੁਆਲੇ ਦੇ ਵੱਖ-ਵੱਖ ਸਕੂਲਾਂ ਦੇ 500 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਦੇ ਨਾਲ ਲਗਭਗ 50 ਅਧਿਆਪਕ ਵੀ ਆਏ ਸਨ। ਦੁਪਹਿਰ ਨੂੰ, 3-4 ਵਿਦਿਆਰਥੀਆਂ ਦੇ ਸਮੂਹਾਂ ਦੁਆਰਾ 20 ਰਾਕੇਟ ਬਣਾਏ ਗਏ, ਉਨ੍ਹਾਂ ਵਿੱਚੋਂ ਦਸ ਨੂੰ ਬਾਅਦ ਵਿੱਚ ਬਹੁਤ ਉਤਸ਼ੁਕਤਾ ਨਾਲ ਲਾਂਚ ਕੀਤਾ ਗਿਆ। ਪ੍ਰੋਗਰਾਮ ਵਿੱਚ ਕਈ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਹਰਿਆਣਾ ਸਰਕਾਰ ਦੇ ਸਾਬਕਾ ਮੁੱਖ ਸਕੱਤਰ, ਸ਼੍ਰੀ ਧਰਮਵੀਰ, ਪ੍ਰੋ. ਕੀਆ ਧਰਮਵੀਰ ਅਤੇ ਸ਼੍ਰੀਮਤੀ ਰਜਨੀ ਭੱਲਾ ਸ਼ਾਮਲ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਨਵੀਨਤਾਕਾਰੀ ਮਾਡਲਾਂ ਅਤੇ ਵਿਗਿਆਨਕ ਭਾਵਨਾਵਾਂ ਦੀ ਸ਼ਲਾਘਾ ਕੀਤੀ। ਸਟੇਜ ਦੀ ਕਾਰਵਾਈ ਸ਼੍ਰੀਮਤੀ ਸ਼ਸ਼ੀ ਬਾਲਾ ਦੁਆਰਾ ਕੁਸ਼ਲਤਾ ਨਾਲ ਚਲਾਈ ਗਈ, ਜਿਨ੍ਹਾਂ ਨੇ ਸਮਾਗਮ ਨੂੰ ਵਧੀਆ ਢੰਗ ਨਾਲ ਪ੍ਰਬੰਧਿਤ ਕੀਤਾ। ਸੋਸਾਇਟੀ ਫਾਰ ਪ੍ਰਮੋਸ਼ਨ ਆਫ਼ ਸਾਇੰਸ ਐਂਡ ਟੈਕਨਾਲੋਜੀ ਇਨ ਇੰਡੀਆ (SPSTI) ਦੁਆਰਾ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਸਹਿਯੋਗ ਨਾਲ ਆਯੋਜਿਤ ਵਾਤਾਵਰਣ ਤਿਉਹਾਰ, ਨੌਜਵਾਨ ਮਨਾਂ ਨੂੰ ਵਿਗਿਆਨਕ ਤੌਰ 'ਤੇ ਸੋਚਣ ਅਤੇ ਕੁਦਰਤ ਪ੍ਰਤੀ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ।
ਮਨਜੀਤ ਕੌਰ ਡਿਪਟੀ ਡੀ ਓ, ਵਰਿੰਦਰ ਕੌਰ ਪ੍ਰਿੰਸੀਪਲ ਡਾਇਟ, ਵਿਪਨ ਚਾਵਲਾ ਪ੍ਰਿੰਸੀਪਲ ਸੰਗਰੂਰ, ਸੁਖਦੀਪ ਸਿੰਘ ਹੈਡਮਾਸਟਰ, ਮਾਸਟਰ ਗੁਰਿੰਦਰ ਸਿੰਘ, ਜਸਵੀਰ, ਮਨੀਸ਼ਾ ਮਹਿਤਾ, ਦਿਲਦੀਪ ਕੌਰ , ਮਨਜੋਤ ਕੌਰ ਤੇ ਸਾਰੇ ਨੋਡਲ ਅਫ਼ਸਰ ਹਾਜ਼ਰ ਰਹੇ।

ਸੀ.ਪੀ.ਆਈ. ਤਹਿਸੀਲ ਕੋਟਕਪੂਰਾ ਦੀ ਕਾਨਫਰੰਸ ਨੇ ਚੁਣੀ ਨਵੀਂ ਕਮੇਟੀ

ਮਿਹਨਤਕਸ਼ ਜਮਾਤ ਦੀ ਮਜ਼ਬੂਤ ਪਾਰਟੀ ਹੀ ਕਿਰਤੀ ਵਰਗ ਦੇ ਦੁੱਖ-ਤਕਲੀਫ਼ਾਂ ਦਾ ਦਾਰੂ : ਕੌਂਸ਼ਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 14 ਨਵੰਬਰ : 'ਮਿਹਨਤਕਸ਼ ਜਮਾਤ ਦੀ 100 ਸਾਲ ਦੇ ਕੁਰਬਾਨੀਆਂ ਭਰੇ ਇਤਿਹਾਸ ਦੀ ਵਾਰਿਸ ਪਾਰਟੀ ਸੀ.ਪੀ.ਆਈ. ਦੀ ਮਜ਼ਬੂਤੀ ਕਿਰਤੀ ਵਰਗ ਦੇ ਦੁੱਖਾਂ-ਤਕਲੀਫ਼ਾਂ ਦਾ ਸਹੀ ਇਲਾਜ ਕਰ ਸਕਦੀ ਹੈ'। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਕੋਟਕਪੂਰਾ ਦਾ ਉਦਘਾਟਨ ਕਰਨ ਮੌਕੇ ਪਾਰਟੀ ਦੇ ਜ਼ਿਲਾ ਸਕੱਤਰ ਅਸ਼ੋਕ ਕੌਂਸ਼ਲ ਵੱਲੋਂ ਕੀਤਾ ਗਿਆ। ਪਾਰਟੀ ਦੇ ਆਗੂ ਸੁਖਦਰਸ਼ਨ ਰਾਮ ਸ਼ਰਮਾ, ਕਾਮਰੇਡ ਪਪੀ ਢਿਲਵਾਂ ਅਤੇ ਬੋਹੜ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਹੋਈ ਕਾਨਫਰੰਸ ਵਿੱਚ ਤਹਿਸੀਲ ਦੀਆਂ ਵੱਖ-ਵੱਖ ਬਰਾਂਚਾਂ ਤੋਂ ਭਰਵੀਂ ਗਿਣਤੀ ਵਿੱਚ ਆਏ ਡੈਲੀਗੇਟਾਂ ਨੇ ਭਾਗ ਲਿਆ। ਸ਼ੁਰੂਆਤ ਪਿੰਡ ਔਲਖ ਦੇ ਵਿਛੜੇ ਸਾਥੀਆਂ ਕਾਮਰੇਡ ਬਲਵੀਰ ਸਿੰਘ ਔਲਖ, ਭਲਵਿੰਦਰ ਸਿੰਘ ਅਤੇ ਮਾ. ਦਰਸ਼ਨ ਸਿੰਘ ਤੋਂ ਇਲਾਵਾ ਦਿੱਲੀ ਦੇ ਬੰਬ ਧਮਾਕੇ ਵਿੱਚ ਮਾਰੇ ਗਏ 12 ਨਿਰਦੋਸ਼ ਨਾਗਰਿਕਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕਰਕੇ ਕੀਤੀ ਗਈ। ਜਿਲਾ ਸਕੱਤਰ ਅਸ਼ੋਕ ਕੌਂਸ਼ਲ ਤੋਂ ਇਲਾਵਾ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਬਤੌਰ ਨਿਗਰਾਨ ਸ਼ਾਮਲ ਹੋਏ। ਪੰਜਾਬ ਇਸਤਰੀ ਸਭਾ ਦੀ ਜ਼ਿਲਾ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਪਿਛਲੇ ਸਮੇਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਕੁਝ ਵਾਧਿਆਂ ਨਾਲ 'ਹਾਊਸ' ਵੱਲੋਂ ਪ੍ਰਵਾਨ ਕਰ ਲਿਆ ਗਿਆ। ਪੱਪੀ ਢਿਲਵਾਂ ਨੇ ਨਵੀਂ ਤਹਿਸੀਲ ਕਮੇਟੀ ਦਾ ਪੈਨਲ ਪੇਸ਼ ਕੀਤਾ ਜਿਸ ਅਨੁਸਾਰ ਪੈਨਲਨਰ ਆਗੂ ਪ੍ਰੇਮ ਚਾਵਲਾ ਨੂੰ ਤਹਿਸੀਲ ਸਕੱਤਰ, ਪੱਪੀ ਢਿਲਵਾਂ ਅਤੇ ਬੋਹੜ ਸਿੰਘ ਔਲਖ ਦੋਵੇਂ ਮੀਤ ਸਕੱਤਰ ਅਤੇ ਬੀਬੀ ਮਨਜੀਤ ਕੌਰ ਨੱਥੇਵਾਲਾ ਨੂੰ ਕੈਸ਼ੀਅਰ ਸਮੇਤ 11 ਮੈਂਬਰਾਂ ਦੀ ਤਹਿਸੀਲ ਕਮੇਟੀ ਚੁਣੇ ਜਾਣ ਦੀ ਤਜਵੀਜ਼ ਪੇਸ਼ ਕੀਤੀ। ਹਾਜ਼ਰ ਡੈਲੀਗੇਟਾਂ ਨੇ ਹੱਥ ਖੜ੍ਹੇ ਕਰਕੇ ਨਾਹਰਿਆਂ ਦੀ ਗੂੰਜ ਨਾਲ ਇਸ ਪੈਨਲ ਨੂੰ ਮਨਜ਼ੂਰੀ ਦਿੱਤੀ। ਇਸ ਦੇ ਨਾਲ ਹੀ 29 ਨਵੰਬਰ ਨੂੰ ਫਰੀਦਕੋਟ ਵਿਖੇ ਹੋ ਰਹੀ ਜ਼ਿਲਾ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ। ਇਸ ਮੌਕੇ ਲੋਕ ਗਾਇਕ ਨਾਹਰ ਸਿੰਘ ਗਿੱਲ ਨੇ ਦੇਸ਼ ਭਗਤੀ ਦੇ ਗੀਤ ਗਾਕੇ ਸਰੋਤਿਆਂ ਨੂੰ ਨਿਹਾਲ ਕੀਤਾ ਗਿਆ। ਨਵੀਂ ਚੁਣੀ ਤਹਿਸੀਲ ਕਮੇਟੀ ਦੀ ਪਲੇਠੀ ਮੀਟਿੰਗ 18 ਨਵੰਬਰ ਦਿਨ ਮੰਗਲਵਾਰ ਨੂੰ ਕੋਟਕਪੂਰਾ ਵਿਖੇ ਸਵੇਰੇ 11:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਸੱਦ ਲਈ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਲਨਰ ਆਗੂ ਕੁਲਵੰਤ ਸਿੰਘ ਚਾਨੀ, ਕੋਟਕਪੂਰਾ ਸ਼ਹਿਰੀ ਬ੍ਰਾਂਚ ਦੇ ਸਕੱਤਰ ਸੋਮਨਾਥ ਅਰੋੜਾ, ਔਲਖ ਬਰਾਂਚ ਦੇ ਸਕੱਤਰ ਸ਼ਿਵ ਕੁਮਾਰ ਸ਼ਰਮਾ, ਰੋਸ਼ਮ ਸਿੰਘ ਜਿਉਣਵਾਲਾ, ਨਾਇਬ ਸਿੰਘ ਘਨੀਏਵਾਲਾ, ਤਰਸੇਮ ਸਿੰਘ ਸੰਧਵਾਂ, ਰੋਸ਼ਮ ਸਿੰਘ ਵਾਂਦਰ ਜਟਾਣਾ, ਗੋਰਾ ਪਿਪਲੀ, ਹਰਵਿੰਦਰ ਸ਼ਰਮਾ, ਕਿਰਨ ਸ਼ਰਮਾ, ਗੁਰਦੀਪ ਭੋਲਾ, ਵਿਨੋਦ ਕੁਮਾਰ, ਚਮਕੌਰ ਸਿੰਘ ਕੋਟਸੁਖੀਆ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਮਾ. ਗੁਲਵੰਤ ਸਿੰਘ ਔਲਖ, ਗੁਰਤੇਜ ਸਿੰਘ ਘਣੀਏਵਾਲਾ ਅਤੇ ਚਮਕੌਰ ਸਿੰਘ ਕੋਟਸੁਖੀਆ ਆਦਿ ਵੀ ਹਾਜ਼ਰ ਸਨ।

ਤੁਰ ਗਿਆ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਪੇਂਟਿੰਗ ਬਣਾਉਣ ਵਾਲਾ ਚਿਤਰਕਾਰ ਗੋਬਿੰਦਰ ਸੋਹਲ-15 ਨਵੰਬਰ 2025 ਨੂੰ ਭੋਗ 'ਤੇ ਵਿਸ਼ੇਸ਼

ਵਰਲਡ ਪੰਜਾਬੀ ਟਾਈਮਜ਼ ਉਜਾਗਰ ਸਿੰਘ

ਗੋਬਿੰਦਰ ਸੋਹਲ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਤਸਵੀਰ ਬਣਾਉਣ ਵਾਲਾ ਪੇਂਟਰ ਸਵਰਗਵਾਸ ਹੋ ਗਿਆ। ਉਹ ਗੁਰਦਿਆਂ ਦੀ ਬਿਮਾਰੀ ਦਾ ਲੰਬਾ ਸਮੇਂ ਤੋਂ ਪੀੜਤ ਸੀ। ਉਸਦੀ ਉਮਰ 68 ਸਾਲ ਸੀ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦਾ ਜਗਤ ਪ੍ਰਸਿੱਧ ਸ਼ਾਹਕਾਰ ਚਿਤਰ ਬਣਾਕੇ ਗੋਬਿੰਦਰ ਸੋਹਲ ਨੇ ਸਿੱਖ ਜਗਤ ਨੂੰ ਆਪਣਾ ਰਿਣੀ ਬਣਾ ਲਿਆ ਸੀ। ਗੋਬਿੰਦਰ ਸੋਹਲ ਦੀ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਬਣਾਈ ਤਸਵੀਰ ਲੋਕਾਂ ਦੇ ਮਨਾ ਉਪਰ ਰਾਜ ਕਰਨ ਲੱਗ ਗਈ ਕਿਉਂਕਿ ਤਸਵੀਰ ਵਿਚ ਦੋਵੇਂ ਸਾਹਿਬਜ਼ਾਦੇ ਅਣਭੋਲ, ਸ਼ਹਿਨਸ਼ਾਹ ਪ੍ਰੰਤੂ ਹੌਸਲੇ ਵਿਚ ਆਪਣੀ ਦਾਦੀ ਦੀ ਬੁਕਲ ਵਿਚ ਸ਼ਾਂਤਚਿਤ ਸਬਰ ਸੰਤੋਖ ਨਾਲ ਖਲੋਤੇ ਵਿਖਾਏ ਗਏ ਹਨ। ਇਹ ਇੱਕ ਸਿੰਬਾਲਿਕ ਚਿਤਰ ਹੈ, ਜਿਹੜਾ ਬਿਨ ਬੋਲਿਆਂ ਹੀ ਬਹੁਤ ਕੁਝ ਕਹਿ ਦਿੰਦਾ ਹੈ। ਇਹੋ ਗੋਬਿੰਦਰ ਸੋਹਲ ਦੀ ਕਮਾਲ ਹੈ। ਪੰਜਾਬੀ ਵਿਰਾਸਤ ਅਤੇ ਇਸਦੇ ਇਤਿਹਾਸ ਨੂੰ ਚਿਤਰਣ ਵਾਲਾ ਸ਼ੇਸ਼ ਰੰਗਾਂ ਦੇ ਚਿਤੇਰੇ ਗੋਬਿੰਦਰ ਸੋਹਲ ਦੀਆਂ ਕਲਾ ਕ੍ਰਿਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕਰਦੀਆਂ ਰਹਿਣਗੀਆਂ। ਗੋਬਿੰਦਰ ਸੋਹਲ ਭਾਵੇਂ ਸਰੀਰਕ ਤੌਰ 'ਤੇ ਇਸ ਸੰਸਾਰ ਤੋਂ ਰੁਖਸਤ ਹੋ ਗਿਆ ਹੈ ਪ੍ਰੰਤੂ ਸਿੱਖ ਵਿਰਾਸਤ ਨੂੰ ਪੇਂਟ ਕਰਕੇ ਉਹ ਰਹਿੰਦੀ ਦੁਨੀਆਂ ਤੱਕ ਸਿੱਖ ਜਗਤ ਦੇ ਦਿਲਾਂ ਤੇ ਰਾਜ ਕਰਦਾ ਰਹੇਗਾ। ਸਿੱਖ ਧਰਮ ਦੀ ਬੁਨਿਆਦ ਹੀ ਕੁਰਬਾਨੀਆਂ ਅਤੇ ਜਦੋਜਹਿਦ ਤੇ ਅਧਾਰਤ ਹੈ।
ਧਾਰਮਿਕ, ਇਤਿਹਾਸਕ, ਦੇਸ਼ ਭਗਤਾਂ, ਸੰਸਾਰ ਦੀਆਂ ਮਹੱਤਵਪੂਰਨ ਸ਼ਖ਼ਸ਼ੀਅਤਾਂ, ਧਾਰਮਿਕ ਅਤੇ ਇਤਿਹਾਸਕ ਘਟਨਾਵਾਂ ਅਤੇ ਖ਼ਾਸ ਤੌਰ ਤੇ ਸਿੱਖ ਸਭਿਆਚਾਰ ਨੂੰ ਆਪਣੇ ਬੁਰਛ ਦੀ ਛੂਹ ਨਾਲ ਜੀਵਤ ਰੂਪ ਵਿਚ ਪੇਂਟ ਕਰਕੇ ਪ੍ਰਸਿਧੀ ਪ੍ਰਾਪਤ ਕਰਨ ਵਾਲੇ ਗੋਬਿੰਦਰ ਸੋਹਲ ਕੋਮਲ ਕਲਾ ਦੇ ਖ਼ੇਤਰ ਵਿਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਿਚ ਸਫਲ ਹੋਏ ਹਨ। ਗੋਬਿੰਦਰ ਸੋਹਲ ਦੀ ਕਲਾਤਮਿਕ ਪ੍ਰਬੀਨਤਾ ਇਸ ਵਿਚ ਸੀ ਕਿ ਉਹ ਪੋਰਟਰੇਟ ਵਿਚ ਜਾਨ ਪਾ ਦਿੰਦਾ ਸੀ। ਉਸਦੇ ਬਣਾਏ ਕੁਝ ਚਿਤਰ ਸੰਸਾਰ ਵਿਚ ਪ੍ਰਸਿਧ ਹੋਏ ਜਿਨ੍ਹਾਂ ਵਿਚ ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਨਾਲ, ਭਗਤ ਸਿੰਘ ਦੇ ਹੱਥ ਵਿੱਚ ਪਿਸਤੌਲ, ਊਧਮ ਸਿੰਘ, ਭਾਈ ਕਨ੍ਹਈਆ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਊਧਮ ਸਿੰਘ ਦੀ ਪਗੜੀ ਵਾਲੀ ਫੋਟੋ ਜਿਹੜੀ ਕੈਕਸਟਨ ਹਾਲ ਵਿਚ ਲੱਗੀ ਹੋਈ ਹੈ, ਉਸ ਤੇ ਅਧਾਰਤ ਉਸ ਦੁਆਰਾ ਬਣਾਇਆ ਗਿਆ ਚਿਤਰ ਕਾਬਲੇ ਤਾਰੀਫ਼ ਹੈ। ਆਧੁਨਿਕਤਾ ਦੇ ਦੌਰ ਵਿਚ ਪੁਰਾਤਨ ਵਸਤਾਂ ਜਿਨ੍ਹਾਂ ਵਿਚ ਹੱਥ ਕਰਘਾ, ਫੁਲਕਾਰੀਆਂ, ਬਾਗ, ਦਰੀਆਂ, ਖੇਸ, ਪਸ਼ੂ ਪੰਛੀ ਤਕਨਾਲੋਜੀ ਦੀ ਭੇਂਟ ਚੜ੍ਹ ਰਹੇ ਹਨ। ਉਸਦਾ ਚਿਤਰ ਬਣਾਉਣ ਦਾ ਖੇਤਰ ਵੱਖਰਾ ਹੀ ਹੈ, ਪ੍ਰਸਿੱਧ ਸਿਆਸਤਦਾਨਾ ਤੋਂ ਇਲਾਵਾ ਪ੍ਰਮੁੱਖ ਭਾਰਤੀ ਓਲੰਪੀਅਨ ਜਿਨ੍ਹਾਂ ਵਿਚ ਮਿਲਖਾ ਸਿੰਘ, ਧਿਆਨ ਚੰਦ, ਗਾਮਾ ਪਹਿਲਵਾਨ, ਸੁਰਜੀਤ ਸਿੰਘ, ਸੰਗੀਤਕਾਰ ਮੁਹੰਮਦ ਰਫੀ, ਗਾਇਕਾ ਸੁਰਿੰਦਰ ਕੌਰ, ਫ਼ੌਜੀ, ਵਿਦਿਅਕ ਮਾਹਿਰ, ਡਾ.ਰਾਧਾ ਕ੍ਰਿਸ਼ਨ, ਅਬਦੁਲ ਕਲਾਮ ਅਤੇ ਫੂਲਾਂ ਰਾਣੀ ਦੇ ਚਿਤਰ ਬਣਾਏ ਜਿਨ੍ਹਾਂ ਨੇ ਸੋਹਲ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾਏ। ਉਸਨੇ ਦੇਸ਼ ਦੇ ਸ਼ਹੀਦਾਂ, ਉਲੰਪੀਅਨ ਖਿਡਾਰੀਆਂ, ਲਿਖਾਰੀਆਂ, ਕਵੀਆਂ, ਗਾਇਕਾਂ ਅਤੇ ਸਿੱਖ ਇਤਿਹਾਸ ਵਿਚੋਂ ਬਹੁਤ ਸਾਰੇ ਚਿਤਰ ਬਣਾਏ। ਫ਼ੌਜੀ ਦੀ ਮਾਨਸਿਕਤਾ ਨੂੰ ਉਸਨੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਂਟ ਕੀਤਾ ਹੈ, ਜਦੋਂ ਫ਼ੌਜੀ ਛੁਟੀ ਆਉਂਦਾ ਹੈ ਤਾਂ ਦਰਵਾਜੇ ਵਿਚ ਆਪਣੀ ਮਾਂ ਨੂੰ ਗਲਵਕੜੀ ਪਾਉਂਦਾ ਵਿਖਾਇਆ ਗਿਆ ਹੈ, ਉਸਦੀ ਵੱਡੀ ਭਰਜਾਈ ਬੈਠੀ ਹੈ ਤੇ ਫ਼ੌਜੀ ਦਾ ਭਤੀਜਾ ਭੱਜ ਕੇ ਨਾਲ ਬੁਣ ਰਹੀ ਆਪਣੀ ਚਾਚੀ ਨੂੰ ਦੱਸਦਾ ਹੈ ਕਿ ਚਾਚਾ ਛੁਟੀ ਆ ਗਿਆ ਹੈ। ਘਰ ਦੇ ਦਰਵਾਜੇ ਵਿਚੋਂ ਹੀ ਬਾਹਰ ਗੁਹਾਰੇ ਦਿਸ ਰਹੇ ਹਨ ਅਤੇ ਇੱਕ ਵਿਅਕਤੀ ਫ਼ੌਜੀ ਦਾ ਟਰੰਕ ਘੜੀਸਦਾ ਆ ਰਿਹਾ ਹੈ। ਇੱਕ ਚਿਤਰ ਵਿਚ ਹੀ ਸਮੁੱਚੇ ਪੰਜਾਬੀ ਸਭਿਆਚਾਰ ਨੂੰ ਪੇਂਟ ਕਰ ਦਿੱਤਾ ਹੈ। ਫ਼ੌਜੀ ਗਲਵਕੜੀ ਤਾਂ ਆਪਣੀ ਮਾਂ ਨੂੰ ਪਾ ਰਿਹਾ ਹੈ ਪ੍ਰੰਤੂ ਉਪਰੋਂ ਪਿਛੋਂ ਪਾਸੇ ਖੜ੍ਹੀ ਆਪਣੀ ਪਤਨੀ ਨੂੰ ਭਾਵਪੂਰਤ ਢੰਗ ਨਾਲ ਤ੍ਰਿਹਾਈਆਂ ਨਜ਼ਰਾਂ ਨਾਲ ਵੇਖਦਾ ਹੈ। ਇਹ ਚਿਤਰ ਦੇਰ ਬਾਅਦ ਛੁਟੀ ਆਏ ਫ਼ੌਜੀ ਦੀ ਮਾਨਸਿਕਤਾ ਦੀ ਮ